Roll No. ..................

Total No. of Questions : 26]

**030**

[Total No. of Printed Pages : 20

**SS**

**2117**

**ਸਲਾਨਾ ਪਰੀਖਿਆ ਪ੍ਰਨਾਲੀ**

# BOOK-KEEPING AND ACCOUNTANCY

**(Humanities Group)**

**(Punjabi, Hindi and English Versions)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **030** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਹਰ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ ।

(vi) ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਗਣਨਯੰਤਰ ਵਰਤਣ ਦੀ ਆਗਿਆ ਹੈ । ਵਿਦਿਆਰਥੀ ਆਪਣਾ ਗਣਨਯੰਤਰ ਪਰੀਖਿਆ ਭਵਨ ਵਿੱਚ ਲਿਆਉਣ । ਉਨ੍ਹਾਂ ਨੂੰ ਇਸ ਦੀ ਇੱਕ-ਦੂਜੇ ਤੋਂ ਮੰਗਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।

(vii) ਪ੍ਰਸ਼ਨ-ਪੇਪਰ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ **(ਭਾਗ–ੳ, ਭਾਗ–ਅ, ਭਾਗ–ੲ ਅਤੇ ਭਾਗ–ਸ)** ।

(viii) 1 ਅੰਕ ਵਾਲੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਲਿਖੋ । 2 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 5-10 ਲਾਈਨਾਂ ਵਿੱਚ ਲਿਖੋ । 4 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 15-20 ਲਾਈਨਾਂ ਵਿੱਚ ਲਿਖੋ । 6 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 3-5 ਪੰਨਿਆਂ ਵਿੱਚ ਲਿਖੋ ।

## ਭਾਗ–ੳ

1. (i) ਗ੍ਰਾਂਟ ਕੀ ਹੈ ? 1

(ii) ਸਾਝੇਦਾਰੀ ਕੀ ਹੈ ? 1

(iii) ਦੇਣਦਾਰੀਆਂ ਵਿੱਚ ਆਈ ਕਮੀ ................. ਹੈ । 1

(iv) ਤਿਆਗ ਮੁੱਲ ਕੀ ਹੈ ? 1

(v) ਵਸੂਲੀ ਖਾਤਾ ਇੱਕ :

(ੳ) ਅਵਾਸਤਵਿਕ ਖਾਤਾ (ਅ) ਨਿੱਜੀ ਖਾਤਾ

(ੲ) ਵਾਸਤਵਿਕ ਖਾਤਾ (ਸ) ਬੱਚਤ ਖਾਤਾ 1

(vi) ਕੁੱਤਾ ਸ਼ਾਖ ਕੀ ਹੈ ? 1

(vii) ਅਲਾਟ ਹੋਈ ਅੰਸ਼ ਪੂੰਜੀ ਕੀ ਹੈ ? 1

(viii) ਕੂਪਨ ਰੇਟ ਕੀ ਹੈ ? 1

(ix) ਠੀਕ ਜਾਂ ਗਲਤ ਲਿਖੋ :

ਕੁੱਲ ਲਾਭ = ਸ਼ੁੱਧ ਵਿਕਰੀ – ਵੇਚੀਆਂ ਗਈਆਂ ਵਸਤੂਆਂ ਦੀ ਲਾਗਤ 1

(x) ਕਾਰਜ਼ਸ਼ੀਲ ਗਤੀਵਿਧੀਆਂ ਤੋਂ ਕੀ ਭਾਵ ਹੈ ? 1

ਭਾਗ–ਅ

2. ਪ੍ਰਾਪਤੀ ਤੇ ਭੁਗਤਾਨ ਖਾਤਾ ਕੀ ਹੈ ? 2

3. ਹੇਠ ਲਿਖੀ ਜਾਣਕਾਰੀ ਤੋਂ ਸਾਲ 2015-2016 ਦੌਰਾਨ ਪ੍ਰਾਪਤ ਕੀਤੀ ਗਈ ਕਮਿਸ਼ਨ ਦਾ ਲੇਖਾ ਜੋਖਾ ਦਿਓ :

| | 1 ਅਪ੍ਰੈਲ 2015 | 31 ਮਾਰਚ 2016 |
|---|---|---|
| ਪੇਸ਼ਗੀ ਲਈ ਪ੍ਰਾਪਤ ਕਮਿਸ਼ਨ | 90,000 | 60,000 |
| ਬਕਾਇਆ ਕਮਿਸ਼ਨ | 60,000 | 45,000 |

ਸਾਲ ਦੌਰਾਨ ਪ੍ਰਾਪਤ ਕਮਿਸ਼ਨ 3,00,000 ਰੁਪਏ । 2

4. ਸਾਂਝੇਦਾਰੀ ਦੀਆਂ ਵਿਸ਼ੇਸ਼ਤਾਵਾਂ ਲਿਖੋ । 2

5. ਇੱਕ ਫਰਮ ਵਿੱਚ ਰਮੇਸ਼ ਤੇ ਨਰੇਸ਼ ਲਾਭ ਹਾਨੀ ਨੂੰ 5 : 3 ਦੇ ਅਨੁਪਾਤ ਵਿੱਚ ਵੰਡਦੇ ਹੋਏ ਸਾਂਝੇਦਾਰ ਹਨ । ਉਹਨਾਂ ਨੇ ਭਵਿੱਖ ਵਿੱਚ ਲਾਭ ਹਾਨੀ ਨੂੰ 2:3 ਦੇ ਅਨੁਪਾਤ ਵਿੱਚ ਵੰਡਣ ਦਾ ਫ਼ੈਸਲਾ ਕੀਤਾ । ਮੁਨਾਫ਼ਾ ਅਨੁਪਾਤ ਜਾਂ ਤਿਆਗ ਅਨੁਪਾਤ ਵੀ ਗਣਨਾ ਕਰੋ । 2

6. ਤਿਆਗ ਅਨੁਪਾਤ ਕੀ ਹੈ ? 2

7. ਜਨਰਲ ਇੰਦਰਾਜ ਕਰੋ :

(ੳ) ਫ਼ਰਮ ਦੇ ਵਸੂਲੀ ਖ਼ਰਚੇ 9,600 ਰੁਪਏ ਸਾਂਝੇਦਾਰ ਸ਼ਾਮ ਦੁਆਰਾ ਦਿੱਤੇ ਗਏ ।

(ਅ) ਅਲਿਖਤ ਸੰਪਤੀ ਤੋਂ 21,000 ਰੁਪਏ ਵਸੂਲੇ ਗਏ । 2

8. ਕੰਪਨੀ ਕੀ ਹੈ ? 2

9. "ਸਧਾਰਨ ਆਕਾਰ ਆਮਦਨ ਵਿਵਰਣ" ਕੀ ਹੁੰਦਾ ਹੈ ? 2

10. ਚਾਲੂ ਦੇਣਦਾਰੀਆਂ ਪਤਾ ਕਰੋ ਜਦੋਂ ਕਿ ਚਾਲੂ ਅਨੁਪਾਤ 2.5 : 1 ਅਤੇ ਚਾਲੂ ਸੰਪਤੀਆਂ 8,00,000 ਰੁਪਏ ਹਨ । 2

11. 2,90,000 ਰੁਪਏ ਦੀ ਲਾਗਤ ਵਾਲਾ ਪਲਾਂਟ ਤੇ ਸਚੇਤ ਘਸਾਈ 1,40,000 ਰੁਪਏ ਹੈ ਨੂੰ 70,000 ਰੁਪਏ ਵਿੱਚ ਵੇਚ ਦਿੱਤਾ । ਪਲਾਂਟ ਨੂੰ ਵੇਚਣ ਤੇ ਲਾਭ ਜਾਂ ਹਾਨੀ ਦੀ ਗਣਨਾ ਕਰੋ । 2

## ਭਾਗ–ੲ

ਗਿਆਰਾਂ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨ ਕਰੋ (ਪ੍ਰਸ਼ਨ ਨੰ: **12** ਤੋਂ ਪ੍ਰਸ਼ਨ ਨੰ: **22**) :

**12.** ਵਸੂਲੀ ਤੇ ਆਮਦਨ ਵਿੱਚ ਕੋਈ ਚਾਰ ਅੰਤਰ ਲਿਖੋ । 4

**13.** ਅੰਜੂ ਤੇ ਮੰਜੂ ਨੇ ਸਾਂਝੇਦਾਰੀ ਦਸਤਾਵੇਜ ਅਨੁਸਾਰ ਇੱਕ ਅਪ੍ਰੈਲ, 2015 ਨੂੰ 6,00,000 ਰੁਪਏ ਅਤੇ 4,80,000 ਰੁਪਏ ਦੀ ਪੂੰਜੀ ਨਾਲ਼ ਸਾਂਝੇਦਾਰੀ ਵਪਾਰ ਸ਼ੁਰੂ ਕੀਤਾ । ਅੰਜੂ 12,000 ਰੁਪਏ ਪ੍ਰਤਿ ਮਹੀਨਾ ਤਨਖਾਹ ਦੀ ਹੱਕਦਾਰ ਹੈ ਤੇ ਸਾਂਝੇਦਾਰਾਂ ਦੀ ਪੂੰਜੀ ਤੇ 10% ਪ੍ਰਤੀ ਸਾਲ ਵਿਆਜ ਲਗਾਇਆ ਗਿਆ ਹੈ । ਅੰਜੂ ਤੇ ਮੰਜੂ ਨੂੰ 4 : 3 ਅਨੁਪਾਤ ਵਿੱਚ ਲਾਭ ਵੰਡਿਆ ਜਾਵੇਗਾ । 31 ਮਾਰਚ 2016 ਦੇ ਅੰਤ ਵਿੱਚ ਫ਼ਰਮ ਨੇ ਅੰਜੂ ਨੂੰ ਤਨਖਾਹ ਤੇ ਪੂੰਜੀ ਤੇ ਵਿਆਜ ਦੇਣ ਤੋਂ ਪਹਿਲਾਂ 3,92,000 ਰੁਪਏ ਲਾਭ ਬਣਾ ਲਿਆ ਹੈ । ਲਾਭ ਨੂੰ ਵੰਡਣ ਵਾਲਾ ਖਾਤਾ ਤਿਆਰ ਕਰੋ । 4

**14.** ਫ਼ਰਮ ਦਾ ਔਸਤ ਲਾਭ 9,60,000 ਰੁਪਏ ਹੈ । ਫ਼ਰਮ ਦੀਆਂ ਕੁੱਲ ਠੋਸ ਸੰਪੱਤੀਆਂ 90,00,000 ਰੁਪਏ ਤੇ ਬਾਹਰੀ ਦੇਣਦਾਰੀਆਂ 25,20,000 ਰੁਪਏ ਹਨ । ਉਸੇ ਤਰ੍ਹਾਂ ਦੇ ਵਪਾਰ ਵਿੱਚ ਲਗਾਈ ਗਈ ਪੂੰਜੀ ਤੇ ਲਾਭ ਦੀ ਸਧਾਰਨ ਦਰ 10% ਹੈ । ਸੁਪਰ ਲਾਭ ਵਿੱਧੀ ਦੇ ਪੂੰਜੀਕਰਨ ਅਨੁਸਾਰ ਸ਼ਾਖ ਦਾ ਪਤਾ ਕਰੋ । 4

**15.** ਮੌਜੂਦਾ ਸਾਂਝੇਦਾਰਾਂ ਦੀ ਲਾਭ-ਵੰਡ ਅਨੁਪਾਤ ਵਿੱਚ ਤਬਦੀਲੀ ਤੋਂ ਤੁਸੀਂ ਕੀ ਸਮਝਦੇ ਹੋ ? 4

**16.** ਫ਼ਰਮ ਵਿੱਚ ਸਾਂਝੇਦਾਰ ਰਮੇਸ਼ 31 ਮਾਰਚ, 2009 ਨੂੰ ਰਿਟਾਇਰ ਹੋਇਆ । ਉਸਦੀ ਪੂੰਜੀ ਦਾ ਅੰਸ਼ ਤੇ ਸ਼ਾਖ 72,000 ਰੁਪਏ ਹੈ । ਇਹ ਫ਼ੈਸਲਾ ਕੀਤਾ ਗਿਆ ਕਿ ਬਕਾਇਆ ਰਕਮ ਨੂੰ 24,000 ਰੁਪਏ ਸਲਾਨਾਂ, 5% ਸਲਾਨਾ ਦਰ ਨਾਲ਼ ਵਿਆਜ ਕਿਸ਼ਤਾਂ ਵਿੱਚ ਇਕੱਠਾ ਅਦਾ ਕੀਤਾ ਜਾਵੇਗਾ । ਪਹਿਲੀ ਕਿਸ਼ਤ 31 ਮਾਰਚ 2010 ਨੂੰ ਤੇ ਬਾਕੀ ਰਕਮ ਹਰੇਕ ਸਾਲ ਦੀ 31 ਮਾਰਚ ਨੂੰ ਦਿੱਤੀ ਜਾਵੇਗੀ । ਫ਼ਰਮ ਦੀਆਂ ਕਿਤਾਬਾਂ ਵਿੱਚ ਰਮੇਸ਼ ਦਾ ਕਰਜ਼ ਖਾਤਾ ਤਿਆਰ ਕਰੋ । 4

**17.** ਏ.ਬੀ.ਸੀ. ਇੱਕ ਫ਼ਰਮ ਵਿੱਚ ਲਾਭ ਨੂੰ ਕ੍ਰਮਵਾਰ 4 : 3 : 3 ਦੇ ਅਨੁਪਾਤ ਵਿੱਚ ਵੰਡਦੇ ਹੋਏ ਸਾਂਝੇਦਾਰ ਸਨ । ਇੱਕ ਅਪ੍ਰੈਲ 2015 ਨੂੰ ਉਹਨਾਂ ਨੇ ਫ਼ਰਮ ਦਾ ਅੰਤ ਕਰਨ ਦਾ ਫ਼ੈਸਲਾ ਕੀਤਾ । ਉਸੇ ਮਿਤੀ ਨੂੰ ਸੰਪੱਤੀਆਂ 1,74,230 ਰੁਪਏ ਸਨ । ਕੁੱਲ ਲੈਣਦਾਰ 23,150 ਰੁਪਏ ਅਤੇ ਹੱਥਲਾ ਰੋਕੜ 3,920 ਰੁਪਏ ਸੀ । ਸੰਪੱਤੀਆਂ ਦੀ ਵਸੂਲੀ 1,44,910 ਰੁਪਏ ਅਤੇ ਫ਼ਰਮ ਦੇ ਅੰਤ ਦੇ ਖ਼ਰਚੇ 1,860 ਰੁਪਏ ਸਨ । ਵਸੂਲੀ ਖਾਤਾ ਬਣਾਓ । 4

**18.** ਸਾਂਝੇਦਾਰੀ ਦੇ ਅੰਤ ਤੋਂ ਤੁਹਾਡਾ ਕੀ ਭਾਵ ਹੈ ? 4

**19.** ਸਮਤਾ ਅੰਸ਼ ਅਤੇ ਪੂਰਣ ਅਧਿਕਾਰ ਅੰਸ਼ ਵਿੱਚ ਕੋਈ ਚਾਰ ਅੰਤਰ ਲਿਖੋ । 4

**20.** ਰਾਮ ਲਿਮਟਿਡ ਨੇ 40,000, 10% ਰਿਣ-ਪੱਤਰ 100 ਰੁਪਏ ਪ੍ਰਤਿ ਰਿਣ-ਪੱਤਰ ਦੇ ਹਿਸਾਬ ਨਾਲ਼ ਸਮ ਮੁੱਲ ਉੱਪਰ ਜਾਰੀ ਕੀਤੇ ਅਤੇ ਪੰਜ ਸਾਲ ਬਾਅਦ ਸਮ-ਮੁੱਲ ਉੱਪਰ ਵਿਮੋਚਨ ਕਰਨਯੋਗ ਹੈ । ਅਦਾਇਗੀ ਇਸ ਤਰ੍ਹਾਂ ਹੈ ਕਿ ਬਿਨੈ-ਪੱਤਰ ਨਾਲ਼ 70 ਰੁਪਏ ਪ੍ਰਤਿ ਰਿਣ-ਪੱਤਰ ਅਤੇ ਅਲਾਟਮੈਂਟ ਉੱਪਰ ਬਾਕੀ ਦੀ ਧੰਨਰਾਸ਼ੀ । ਰਿਣ-ਪੱਤਰ ਸਾਰੇ ਸਬਸਕ੍ਰਾਇਬਡ ਹੋਏ ਤੇ ਸਮੇਂ ਸਿਰ ਪੂਰੀ ਧੰਨਰਾਸ਼ੀ ਪ੍ਰਾਪਤ ਕਰ ਲਈ ਗਈ । ਜਨਰਲ ਇੰਦਰਾਜ ਕਰੋ । 4

**21.** 31 ਮਾਰਚ 2015, ਦੇ ਅੰਤ ਉਪੱਰ ਲਾਭ ਅਤੇ ਹਾਨੀ ਦਾ ਤੁਲਨਾਤਮਕ ਵਿਵਰਣ ਬਣਾਓ : 4

| | 31st ਮਾਰਚ, 2015 | 31 ਮਾਰਚ, 2014 |
|---|---|---|
| ਕਾਰਜਾਂ ਤੋਂ ਆਮਦਨ | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 300% | ਖ਼ਪਤ ਕੀਤੀ ਗਈ ਸਮੱਗਰੀ ਕੀ ਲਾਗਤ ਦਾ 200% |
| ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ | 24,00,000 ਰੁਪਏ | 20,00,000 ਰੁਪਏ |
| ਹੋਰ ਖ਼ਰਚੇ | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 20% | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 10% |
| ਕਰ | 50% | 50% |

**22.** ਰੋਕੜ ਪ੍ਰਵਾਹ ਵਿਵਰਣ ਦੀਆਂ ਕੋਈ ਚਾਰ ਸੀਮਾਵਾਂ ਲਿਖੋ । 4

## ਭਾਗ–ਸ

**23.** ਪਹਿਲੇ ਸਾਲ 31 ਮਾਰਚ, 2016 ਦੇ ਅੰਤ ਉੱਪਰ ਇੱਕ ਕਲੱਬ ਦਾ ਪ੍ਰਾਪਤੀ ਅਦਾਇਗੀ ਖਾਤਾ ਹੇਠ ਲਿਖੇ ਅਨੁਸਾਰ ਹੈ । 6

ਪ੍ਰਾਪਤੀ ਅਦਾਇਗੀ ਖਾਤਾ

(31 ਮਾਰਚ, 2016 ਵਾਸਤੇ)

| ਪ੍ਰਾਪਤੀਆਂ | ਰਕਮ | ਅਦਾਇਗੀਆਂ | ਰਕਮ |
|---|---|---|---|
| To Subscriptions | 33,000 | By Salary | 6,600 |
| To Interest on Investments | 300 | By Rent | 3,300 |
| | | By Postage | 300 |
| | | By Telephone charges | 600 |
| | | By Printing and Stationery | 900 |
| | | By Furniture | 6,000 |
| | | By Investments | 12,000 |
| | | By Cash in hand | 300 |
| | | By Cash at Bank | 3,300 |
| | 33,300 | | 33,300 |

ਹੇਠ ਲਿਖੇ ਸਮਾਯੋਜਨ ਲੋੜੀਂਦੇ ਹਨ :

(i) ਬਕਾਇਆ ਤਨਖਾਹ 600 ਰੁਪਏ

(ii) ਲੈਣਯੋਗ ਚੰਦਾ 1200 ਰੁਪਏ

(iii) ਫਰਨੀਚਰ ਤੇ ਘਿਸਾਈ ਦੀ ਦਰ 10%

(iv) ਬਕਾਇਆ ਕਿਰਾਇਆ 300 ਰੁਪਏ

ਆਮਦਨ ਖ਼ਰਚ ਖਾਤਾ ਅਤੇ ਅੰਤਿਮ ਚਿੱਠਾ ਤਿਆਰ ਕਰੋ ।

ਜਾਂ

ਸਥਿਰ ਪੂੰਜੀ ਖਾਤਾ ਅਤੇ ਪਰਿਵਰਤਨਸ਼ੀਲ ਪੂੰਜੀ ਖਾਤੇ ਵਿੱਚ ਅੰਤਰ ਲਿਖੋ । 6

**24.** ਰਾਮ, ਸ਼ਾਮ ਅਤੇ ਹਰਨਾਮ ਆਪਸ ਵਿੱਚ ਲਾਭ ਨੂੰ ਕ੍ਰਮਵਾਰ 3:1:1 ਵਿੱਚ ਵੰਡਦੇ ਹੋਏ ਫ਼ਰਮ ਵਿੱਚ ਸਾਂਝੇਦਾਰ ਸਨ । ਉਹਨਾਂ ਦਾ ਅੰਤਿਮ ਚਿੱਠਾ ਹੇਠ ਅਨੁਸਾਰ ਸੀ : 6

ਅੰਤਿਮ ਚਿੱਠਾ (ਮਾਰਚ 31, 2016 ਨੂੰ)

| ਦੇਣਦਾਰੀਆਂ | ₹ | ਸੰਪਤੀਆਂ | ₹ |
|---|---|---|---|
| ਲੈਣਦਾਰ | 45,000 | ਬੈਂਕ | 15,500 |
| ਅਦਾਇਗੀਯੋਗ ਬਿਲ | 15,000 | ਦੇਣਦਾਰ 35,000 | |
| ਪੂੰਜੀ ਖਾਤੇ : | | (–) ਵਿਵਸਥਾ 1,000 | 34,000 |
| ਰਾਮ | 75,000 | ਸਟਾਕ | 40,000 |
| ਸ਼ਾਮ | 50,000 | ਇਮਾਰਤ | 1,35,000 |
| ਹਰਨਾਮ | 49,500 | ਲਾਭ ਅਤੇ ਹਾਨੀ ਖਾਤਾ | 10,000 |
| | 2,34,500 | | 2,34,500 |

ਸ਼ਾਮ ਹੇਠ ਲਿਖਿਆਂ ਸ਼ਰਤਾਂ ਤੇ ਸੇਵਾ ਮੁਕਤ ਹੋਈ

(i) ਇਮਾਰਤ ਦਾ ਮੁੱਲ 10% ਵਧਾਇਆ ਜਾਵੇਗਾ ।

(ii) 5,000 ਰੁਪਏ ਦੇ ਦੇਣਦਾਰ ਦਾ ਦਾਅਵਾ ਨਹੀਂ ਕੀਤਾ ਜਾਵੇਗਾ ।

(iii) ਬਕਾਇਆ ਖੜ੍ਹਾ ਰਿਪੇਅਰ ਦਾ ਬਿੱਲ 1,000 ਰੁਪਏ ਹੈ ।

(iv) ਸ਼ੱਕੀ ਕਰਜਿਆ ਲਈ 10% ਦੀ ਵਿਵਸਥਾ ਦੇਣਦਾਰਾ ਉੱਪਰ ਬਣਾਈ ਜਾਵੇ ।

(v) ਸ਼ਾਖ ਦਾ ਮੁੱਲ 37,500 ਰੁਪਏ ਪਾਇਆ ਗਿਆ ।

(vi) ਸ਼ਾਮ ਨੂੰ 10,000 ਨਗਦ ਦਿੱਤੇ ਗਏ ਅਤੇ ਬਕਾਇਆ ਉਸਦੇ ਰਿਣ ਖਾਤੇ ਵਿੱਚ ਤਬਦੀਲ ਕੀਤਾ ਗਿਆ ।

ਪੁਨਰ-ਮੁਲਾਂਕਣ ਖਾਤਾ, ਸਾਂਝੇਦਾਰਾਂ ਦੇ ਪੂੰਜੀ ਖਾਤੇ ਅਤੇ ਅੰਤਿਮ ਚਿੱਠਾ ਤਿਆਰ ਕਰੋ ।

ਜਾਂ

X, Y ਅਤੇ Z ਆਪਸ ਵਿੱਚ 3:2:1 ਦੇ ਅਨੁਪਾਤ ਨਾਲ ਸਾਂਝੇਦਾਰ ਹਨ । ਉਹ ਭਵਿੱਖ ਵਿੱਚ ਲਾਭ ਨੂੰ 2:2:1 ਦੇ ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕਰਦੇ ਹਨ । ਮਾਰਚ 31, 2016 ਨੂੰ ਉਹਨਾਂ ਦਾ ਅੰਤਿਮ ਚਿੱਠਾ ਹੇਠ ਲਿਖੇ ਅਨੁਸਾਰ ਸੀ ।

| ਦੇਣਦਾਰੀਆਂ | ₹ | ਸੰਪਤੀਆਂ | ₹ |
|---|---|---|---|
| ਪੂੰਜੀ : | | ਬੈਂਕ ਵਿੱਚ ਰਕਮ | 75,000 |
| X | 1,50,000 | ਸਟਾਕ | 75,000 |
| Y | 1,20,000 | ਦੇਣਦਾਰ 75,000 | |
| Z | 60,000 | (–) ਵਿਵਸਥਾ 6,000 | 69,000 |
| ਸਧਾਰਨ ਰਿਜ਼ਰਵ | 90,000 | ਨਿਵੇਸ਼ | 81,000 |
| ਲੈਣਦਾਰ | 75,000 | ਮਸ਼ੀਨਰੀ | 1,50,000 |
| ਬਕਾਇਆ ਮਜ਼ਦੂਰੀ | 15,000 | ਸ਼ਾਖ | 60,000 |
| | 5,10,000 | | 5,10,000 |

ਇਸ ਦਿਨ ਹੇਠ ਲਿਖੇ ਪੁਨਰ-ਮੁਲਾਂਕਣ ਕੀਤੇ ਗਏ :

(i) ਸਟਾਕ ਵਿੱਚ ਵਾਧਾ 20%;

(ii) ਡੂਬਤ ਰਿਣ ਲਈ ਵਿਵਸਥਾ ਵਿੱਚ 1,500 ਰੁਪਏ ਦੀ ਕਮੀ ;

(iii) ਨਿਵੇਸ਼ ਦਾ ਮੁੱਲ 93,000 ਰੁਪਏ ਪਾਇਆ

(iv) ਅਣਦਰਜ ਮਜ਼ਦੂਰੀ 4,500 ਰੁਪਏ ;

(v) ਸ਼ਾਖ ਵਿੱਚ 15% ਦਾ ਵਾਧਾ ਕੀਤਾ ਗਿਆ

ਸਾਂਝੇਦਾਰ ਸਧਾਰਣ ਰਿਜ਼ਰਵ ਖਾਤੇ ਨੂੰ ਬੰਦ ਨਾ ਕਰਨ ਦਾ ਫੈਸਲਾ ਕਰਦੇ ਹਨ ਪ੍ਰੰਤੂ ਹੋਰ ਅੰਕੜਿਆਂ ਨੂੰ ਬਦਲਣ ਤੇ ਸਹਿਮਤ ਹੁੰਦੇ ਹਨ ।

ਪੁਨਰ-ਮੁਲਾਂਕਣ ਖਾਤਾ ਅਤੇ ਸੰਸ਼ੋਧਤ ਅੰਤਿਮ ਚਿੱਠਾ ਤਿਆਰ ਕਰੋ ।

25. ਗੁਪਤਾ ਲਿਮਟਿਡ ਨੇ ਪ੍ਰਾਸਪੈਕਟਸ ਜਾਰੀ ਕਰਕੇ 10 ਰੁਪਏ ਵਾਲੇ 1,05,000 ਅੰਸ਼ ਦੇ ਬਿਨੈ-ਪੱਤਰ ਨਿਮਨ ਅਨੁਸਾਰ ਅਦਾਇਗੀਯੋਗ ਮੰਗੇ : 6

| | |
|---|---|
| ਬਿਨੈ-ਪੱਤਰ ਉੱਪਰ | ₹ 5 ਪ੍ਰਤੀ ਅੰਸ਼ |
| ਅਲਾਟਮੈਂਟ ਉੱਪਰ | ₹ 3 ਪ੍ਰਤੀ ਅੰਸ਼ |
| ਪਹਿਲੀ ਅਤੇ ਅਖ਼ੀਰਲੀ ਮੰਗ ਉੱਪਰ | ਬਕਾਇਆ |

ਬਿਨੈ-ਪੱਤਰ 1,50,000 ਅੰਸ਼ਾਂ ਲਈ ਪ੍ਰਾਪਤ ਹੋਏ ਅਤੇ ਸੰਚਾਲਕਾਂ ਨੇ ਬਿਨੈ-ਪੱਤਰ ਸੰਬੰਧੀ ਇਸ ਤਰ੍ਹਾਂ ਫੈਸਲਾ ਕੀਤਾ :

(i) 24,000 ਅੰਸ਼ਾਂ ਦੇ ਬਿਨੈਕਾਰਾਂ ਨੂੰ ਅਲਾਟਮੈਂਟ ਕਰਨ ਤੋਂ ਇਨਕਾਰ ਕਰ ਦਿੱਤਾ ।

(ii) ਬਾਕੀ ਬਚਦੇ ਅੰਸ਼ ਬਾਕੀ ਬਿਨੈਕਾਰਾਂ ਵਿੱਚ ਅਨੁਪਾਤਕ ਢੰਗ ਨਾਲ ਅਲਾਟਮੈਂਟ ਕੀਤੇ ਗਏ ।

(iii) ਜਿਆਦਾ ਪ੍ਰਾਪਤ ਬਿਨੈ-ਪੱਤਰ ਧੰਨ ਰਾਸ਼ੀ ਨੂੰ ਅਲਾਟਮੈਂਟ ਪ੍ਰਤੀ ਸਮਾਯੋਜਿਤ ਕੀਤਾ ਗਿਆ ।

ਗਗਨ, ਜਿਸ ਨੇ 1,800 ਅੰਸ਼ਾਂ ਲਈ ਬਿਨੈ-ਪੱਤਰ ਦਿੱਤਾ ਸੀ ਅਲਾਟਮੈਂਟ ਅਤੇ ਪਹਿਲੀ ਤੇ ਅਖੀਰਲੀ ਮੰਗ ਰਕਮ ਦੇਣ ਤੋਂ ਅਸਫਲ ਹੋ ਗਿਆ । ਉਸ ਦੇ ਅੰਸ਼ ਜ਼ਬਦ ਕਰ ਲਏ ਗਏ ।

ਰਾਖੀ, ਜਿਸ ਨੂੰ 1200 ਅੰਸ਼ ਅਲਾਟ ਕੀਤੇ ਸਨ, ਪਹਿਲੀ ਅਤੇ ਅਖ਼ੀਰਲੀ ਮੰਗ ਰਕਮ ਦੇਣ ਤੋਂ ਅਸਫਲ ਹੋ ਗਈ । ਇਸ ਲਈ ਉਸ ਦੇ ਅੰਸ਼ ਜਬਤ ਕਰ ਲਏ ਗਏ ।

ਇਹਨਾਂ ਜਬਤ ਕੀਤੇ ਅੰਸ਼ਾਂ ਵਿਚੋਂ 2,400 ਅੰਸ਼ ਊਸ਼ਾ ਨੂੰ ਪੂਰਨ ਅਦਾ ਕੀਤੇ 15 ਰੁਪਏ ਪ੍ਰਤੀ ਅੰਸ਼ ਦੇ ਹਿਸਾਬ ਨਾਲ ਮੁੜ ਜਾਰੀ ਕਰ ਦਿੱਤੇ । ਇਹਨਾਂ ਵਿੱਚ ਰਾਖੀ ਦੇ ਜ਼ਬਤ ਕੀਤੇ ਸਾਰੇ ਅੰਸ਼ ਸ਼ਾਮਲ ਹਨ ।

ਬਿਨੈ-ਪੱਤਰਾਂ ਦੀ ਰਕਮ ਦੀ ਪ੍ਰਾਪਤੀ ਤੋਂ ਲੈ ਕੇ ਜ਼ਬਤ ਕੀਤੇ ਅੰਸ਼ ਮੁੜ ਜਾਰੀ ਕਰਨ ਤੱਕ ਦੇ ਉਪਰੋਕਤ ਲੈਣ-ਦੇਣ ਦੇ ਜਰਨਲ ਇੰਦਰਾਜ ਕਰੋ ।

ਜਾਂ

ਸਾਂਝੇਦਾਰੀ ਫ਼ਰਮ ਦਾ ਅੰਤ ਕੀ ਹੈ ? ਅਜਿਹੀਆਂ ਸਥਿਤੀਆਂ ਦਾ ਵਰਨਣ ਕਰੋ ਜਿੰਨ੍ਹਾਂ ਵਿੱਚ ਸਾਂਝੇਦਾਰੀ ਫ਼ਰਮ ਦਾ ਅੰਤ ਕੀਤਾ ਜਾਂਦਾ ਹੈ । 6

26. ਨਿਮਨ ਜਾਣਕਾਰੀ ਤੋਂ ਰੋਕੜ ਪ੍ਰਵਾਹ ਵਿਵਰਣ ਤਿਆਰ ਕਰੋ : 6

| ਇਕਵਿਟੀ ਅਤੇ ਦੇਣਦਾਰੀਆਂ | 31.03.2015 | 31.03.2016 |
|---|---|---|
| ਸਧਾਰਣ ਅੰਸ਼ ਪੂੰਜੀ | 6,00,000 | 6,00,000 |
| ਆਮ ਰਿਜ਼ਰਵ | ............ | 72,000 |
| ਲਾਭ ਹਾਨੀ ਖਾਤਾ | (24,000) | 1,80,000 |
| 12% ਕਰਜ਼ਾ-ਪੱਤਰ | 3,00,000 | 4,05,000 |
| ਵਿਵਿਧ ਲੈਣਦਾਰ | 1,86,000 | 2,04,000 |
| | 10,62,000 | 14,61,000 |
| ਸੰਪਤੀਆਂ | 31.03.2015 | 31.03.2016 |
| ਮਸ਼ੀਨਰੀ | 4,80,000 | 4,35,000 |
| ਸਚੇਤ ਘਿਸਾਈ | 90,000 | 75,000 |
| | 3,90,000 | 3,60,000 |
| ਸਟਾਕ | 2,40,000 | 1,83,000 |
| ਵਿਵਿਧ ਦੇਣਦਾਰ | 87,000 | 1,20,000 |
| ਮੁਦਰਾ ਬਜ਼ਾਰ | 45,000 | 66,000 |
| ਹੱਥ ਵਿੱਚ ਰੋਕੜ | 3,00,000 | 7,32,000 |
| | 10,62,000 | 14,61,000 |

ਹੋਰ ਜਾਣਕਾਰੀ :

(i) ਕਰਜ਼ਾ-ਪੱਤਰ ਤੇ ਵਿਆਜ 42,300 ₹ ਦਿੱਤਾ ਗਿਆ ।

(ii) ਸਾਲ ਦੌਰਾਨ 60,000 ₹ ਲਾਭਾਂਸ਼ ਦਿੱਤਾ ਗਿਆ ।

(iii) 1,20,000 ₹ ਦੀ ਲਾਗਤ ਵਾਲੀ ਮਸ਼ੀਨਰੀ (ਇਸ ਉੱਪਰ ਸਚੇਤ ਘਸਾਈ 54,000 ₹) 15,000 ₹ ਵਿੱਚ ਵੇਚ ਦਿੱਤੀ ਗਈ ।

ਜਾਂ

| | | | |
|---|---|---|---|
| ਸ਼ੁੱਧ ਵਿਕਰੀ | 45,00,000 | ਇਕਊਟੀ | 7,50,000 |
| ਵੇਚੀਆਂ ਗਈਆਂ ਵਸਤੂਆਂ ਦੀ ਲਾਗਤ | 30,00,000 | ਕਰਜ਼ ਪੱਤਰ | 3,75,000 |
| ਚਾਲੂ ਸੰਪਤੀਆਂ | 9,00,000 | ਕਰਜ਼ | 1,87,500 |
| ਚਾਲੂ ਦੇਣਦਾਰੀਆਂ | 3,00,000 | | |

ਗਿਆਤ ਕਰੋ :

(i) ਕੁੱਲ ਲਾਭ ਅਨੁਪਾਤ

(ii) ਕਾਰਜਸ਼ੀਲ ਪੂੰਜੀ ਆਵਰਤ ਅਨੁਪਾਤ

(iii) ਕਰਜ਼ਾ ਸਮਤਾ ਅਨੁਪਾਤ । 6